੧ੴ ਸਤਿਗੁਰਪ੍ਰਸਾਦਿ ॥

ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹ੍ਯੋ ਸਭ ਤੋਹਿ ਬਖਾਨ੍ਯੋ ॥ [੧]

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ [੨]

ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ [੩]

ਸਾਧ ਸੰਗਤ ਜੀਓ, ਟੀਕੇ ਦੇ ਬਾਰੇ ਕੁਛ ਹੋਰ ਖੋਜ ਕਰਨੀ ਸੀ, ਪ੍ਰ ਆਜ ਬਸੰਤ ਪੰਚਮੀ ਦਾ ਦਿਨ ਚੜ੍ਹੀਆ ਹੈ । ਤਖ਼ਤ ਸਾਹਿਬ ਤੇ ਗੁਲਾਲ ਉਡਾਯਾ ਗਿਯਾ ਵ ਛਿੜਕੀਯਾ ਗਿਯਾ ਹੈ । ਸ਼ੰਕਾਵਾਦੀ ਸਜਨ ਦੇਖ ਕਰ ਨਫ਼ਰਤ ਕਰਨ ਲਗੇ ਕਿ ਏਹ ਹਿੰਦੂ ਮਤ ਅਨੁਸਾਰ ਗੁਲਾਲ ਪਾਉਂਦੇ ਹਨ ਵ ਰੰਗ ਲਾਲ । ਏਹ ਭੀ ਕਹਿ ਰਹੇ ਸਨ ਕਿ ਰੰਗ ਪਾਣਾਂ ਕਿਥੇ ਲਿਖੀਆ ਹੈ । ਏਹ ਸੁਣਿ ਕੇ ਅਸਾਂ ਨੇ ਕਿਹਾ ਕਿ ਸ਼ੰਕਾਵਾਦੀ ਸਜਨੋ, ਗੁਲਾਲ ਤਾਂ ਮਹਾਰਾਜ ਜੀ ਦੇ ਅਨੰਦਪੁਰ ਸਾਹਿਬ ਦੀਵਾਨ ਵਿਚ ਉਡਾਯਾ, ਪਾਯਾ ਜਾਂਦਾ ਰਿਹਾ ਹੈ ।

## ਗੁਲਾਲ ਬਾਰੇ, ਹੋਲੀ

ਸ਼ੰਕਾਵਾਦੀ ਸਜਨ ਕਹਿਨ ਲਗੇ, "ਕਿਥੇ ਲਿਖਾ ਹੈ ?" ਭਾਈ ਸ਼ੰਕਾਵਾਦੀ ਸਜਨੋ, ਤੁਹਾਨੂੰ ਲਿਖਯਾ ਦਸਦੇ ਹਾਂ ਵ ਸੁਣਾਉਂਦੇ ਹਾਂ । ਧਿਆਨ ਨਾਲ ਸੁਨੋ । ਕ੍ਰਿਤ ਭਾਈ ਸਾਹਿਬ ਵੀਰ ਸਿੰਘ ਜੀ, ਕਲਗੀਧਰ ਚਮਤਕਾਰ, ਪੰਨਾ ਨੰਬ੍ਰ ੨੮੨ ਦੋ ਸੌ ਬਿਆਸੀ, ਉਥੋਂ ਪੂਰਾ ਪ੍ਰਸੰਗ ਦੇਖ ਸਕਦੇ ਹੋ । ਇਥੇ ਚੇਤਾਵਨੀ ਮਾਤ੍ਰ ਹੀ ਦ੍ਰਸਾਯਾ ਗਿਆ ਹੈ ।

## ਸ੍ਰੀ ਕਲਗੀਧਰ ਜੀ ਦਾ ਹੋਲਾ ਮਹਿਲਾ

ਸੰਮਤ ੧੭੫੭ ਦੇ ਮਾਘ ਬੀਤੀਆ । ਫਗਣ ਚੜ੍ਹੀਆ । ਖ਼ਾਲਸਾ ਹੁਣ ਅਪਨੇ ਰੰਗਾਂ ਵਿਚ ਦੀਨੋਂ ਦਿਨ ਵਾਧੇ ਵਿਚ ਸੀ । ਜਿਧਰ ਜਿਸ ਅਹਾਰੇ ਸਤਿਗੁਰ ਲਗੇ ਸੀ, ਸੋ ਹਰ ਦਿਨ ਅਪਨ ਕਮਾਲ ਲਈ ਹਰ ਪਾਸੀਓਂ ਪੂਰ ਪ੍ਰ ਤਾਵਲ ਜਾ ਰਿਹਾ ਸੀ । ਸਤਿਗੁਰ ਨੇ ਡਿਠਾ ਕਿ ਹੋਲੀ ਆਈ ਹੈ । ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਵਿਚ ਦਸੀ

---

[੧] ਰਾਮਾਵਤਾਰ, ਪੰਨਾ ੨੫੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੨] ਗਉੜੀ ਮਹਲਾ ੫, ਪੰਨਾ ੨੦੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੩] ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਆਤਮ ਹੋਰੀ ਤੇ ਰੂਹਾਨੀ ਫਾਗ ਸਿਖਾਂ ਵਿਚ ਉਚੇ ਆਦ੍ਰਸ਼ ਮੌਜੂਦ ਸਨ। ਪਰ ਹੋਲੀ ਖੇਡਨੀ ਜਿਸ ਦਾ ਮਨ ਚਾਹੇ ਕੁਛ ਕਿਹਾ ਜਾਵੇ। ਏਹ ਮੌਸਮੀ ਤਿਹਵਾਰ ਹੈ। ਜਦੋਂ ਸਿਆਲ ਬਿਤੀਤਦਾ ਹੈ ਤੇ ਗੁਲਾਬੀ ਰੁਤ ਹੁੰਦੀ ਹੈ, ਤਾਂ ਹਰ ਦੇਸ ਵਿਚ ਆਪੋ ਆਪਨੇ ਰਿਵਾਜ਼ ਖ਼ੁਸੀ ਤੇ ਅਨੰਨ ਢੰਗਾਂ ਦੇ ਉਤਸ਼ਾਹ ਮਨਾਉਂਦੇ ਹਨ। ਹਿੰਦ ਵਿਚ ਹਰੀ ਇਕ ਕੰਮਾਂ ਤੋਂ ਵੇਹਲੇ ਰਹਿ ਕੇ ਖ਼ੁਸ਼ੀ ਮਨਾਉਂਦੇ ਤਰੀਕੀਆਂ ਵਿਚੋਂ ਸੀ। ਜੋ ਵਿਗੜਦੀ ਮਿਟੀ ਸੁਵਾਹ ਉਡੋਣ ਤਕ ਪੁਜ ਪਈ ਸੀ। ਗੁਰਸਿਖਾਂ ਵਿਚ ਇਹ ਕੀਰਤਨ, ਸੰਤ ਸੇਵਾ, ਪ੍ਰਸਾਦਿ ਪਿਆਰ ਗੁਰ ਦਰਸ਼ਨ ਆਦਿ ਰੰਗਾਂ ਵਿਚ ਹੁੰਦੀ ਸੀ। ਆਮ ਤੌਰ ਤੇ ਸੁਹਨੇ ਤ੍ਰੀਕੇ ਦੀ ਹੋਲੀ ਭੀ ਸਿਖ ਖੇਡੀਆ ਕਰਦੇ ਸੇ ਤੇ ਗੁਰੂ ਕੀਆਂ ਦਰਬਾਰ ਵਿਚ ਅਤ੍ਰ, ਅੰਬਰ, ਗੁਲਾਲ ਦਾ ਵਰਤਾਓ ਭੀ ਹੋਂਦਾ ਸੀ। ਸ੍ਰੀ ਦਸਮ ਗੁਰੂ ਜੀ ਨੇ ਹੋਲੀ ਨੂੰ ਹੋਲਾ ਤਾਂ ਪਹਿਲੇ ਬਨਾ ਦਿਤਾ ਸੀ। ਸਾਰੇ ਸਿਖ ਸਤਿਗੁਰੂ ਨੂੰ ਚੰਦਨ ਤੇ ਅੰਬ੍ਰ ਚੜ੍ਹਾਉਂਦੇ ਸਨ ਤੇ ਫੂਲਾਂ ਦੇ ਹਾਰ ਗਲੇ ਪਾ ਕੇ ਪੂਜਨ ਕਰਦੇ। ਫੇਰ ਉਥੋਂ ਸੰਗਤ ਸਮੇਤ ਖੇਲਦੇ, ਖ਼ੁਸ਼ੀਆਂ ਵਿਚ ਪਿਆਰਿਆਂ ਨੂੰ ਨਾਲ ਲਈ ਨਵਮ ਸਤਿਗੁਰੂ ਦੇਹੁਰੇ ਜਾਂਦੇ ਹਨ। ਖ਼ਾਲਸਾ ਸਜਨ ਮਗਰੋਂ ਇਸ ਨੂੰ ਹੋਲਾ ਮਹਿਲਾ ਬਨਾ ਦਿਤਾ ਗਿਆ ਹੈ। ਉਸ ਦੀ ਵਿਥਿਆ ਇਸਤਰ੍ਹਾਂ ਹੈ। ੧੭੫੭ ਵਿਚ ਜਦੋਂ ਹੋਲੀ ਆਈ ਹੈ, ਤਾਂ ਪਹਿਲੇ ਤੋਂ ਤਿਆਰੀ ਆਰੰਭ ਗਈ ਹੋਲਗੜ੍ਹ ਏਕ ਨਵਾਂ ਅਸਥਾਨ ਰਚਿਆ ਗਿਆ ਹੋਲੇ ਵਾਸਤੇ ਗੁਲਾਬ, ਅਤ੍ਰ, ਅੰਬ੍ਰ ਆਦਿਕ ਤਿਆਰ ਹੋ ਗਏ ਹੈਂ। ਦਿਵਾਨ ਵਿਚੋਂ ਦਸ਼ਮੇਸ਼ ਗੁਰਾਂ ਨੇ ਉਚਰੇ ਕਈ ਪ੍ਰਕਾਰ ਦੇ ਸਬਦ ਤ ਰਚਨਾ ਕਵੀਆਂ ਦੇ ਕਵਿਤ ਸਵੈਯੇ ਜੋ ਬੀਰ ਰਸ ਤੇ ਉਤਸ਼ਾਹ ਭਰੇ ਹੁੰਦੇ। ਸਵੇਰੇ ਵੇਲੇ ਵਾਰਾਂ। ਜਦੇ ਸ੍ਰੀ ਗੁਰੂ ਜੀ ਆਪ ਗੁਲਾਲ ਉਡਾਂਵੰਦੇ ਕੇਸਰ ਦੇ ਰੰਗ ਦੀਆਂ ਪਿਚਕਾਰੀਆਂ ਛਡਦੇ ਤੇ ਖ਼ਾਲਸਾ ਜੀ ਖ਼ੁਸ਼ੀ ਮਨਾਉਂਦੇ ਤੇ ਸੋਹਣੇ ਚਾਉ ਦਾ ਸਮਾਂ ਬਝਦਾ। ਕਵੀਆਂ ਦੀਆਂ ਪੇਸ਼ ਕੀਤੀਆਂ ਰਚਨਾਵਾਂ ਵਿਚੋਂ ਭਾਈ ਨੰਦਲਾਲ ਜੀ ਦੀ ਕਹੀ ਹੋਈ ਗ਼ਜ਼ਲ ਮੌਜੂਦ ਹੈ, ਜੋ ਸਚੇ ਪਾਤਸ਼ਾਹ ਜੀ ਦੇ ਆਪ ਕੇਸ੍ਰ ਬ੍ਰਸਾਨ ਤੇ ਖ਼ੁਸ਼ੀਆਂ ਬਖਸ਼ਨ ਦੇ ਡੀਠੇ ਨਜ਼ਾਰੇ ਦਾ ਸਬੂਤ ਹੈ, ਜੋ ਐਉਂ ਹੈ : -

ਗ਼ਜ਼ਲ ਨੰ: ੩੨
ਗੁਲੇ ਹੋਲੀ ਬਬਾਗੇ ਦਹਿਰ ਬਿਸ ਗੁਫਤ। ਲਬੇ ਚੂੰ ਗੁੰਚਾ ਹਾ ਫ਼ਰਖ਼ੰਦਾ ਖ਼ੂੰ ਕਰਦ।
ਗੁਲਾਬੋ ਅੰਬਰੋ ਮਸਕੋ ਅੰਬੀਰੋ ਚੂੰਬਾਰਾ ਬਾਰਸੇ ਅਜ ਸੂ ਬਸੂ ਕਰਦ।
ਗੁਲਾਲ ਅਫ਼ਸਾਨੀਏ ਆਂ ਦਸਤੇ ਮੁਬਾਰਕ ਜ਼ਮੀਨੋ ਆ ਸੁਮਾ ਅਰਾਂ ਸੁਰਖ਼ਰੂ ਕਰਦ।
ਜਿਹ ਪਿਚਕਾਰੀਏ ਪੁਰ ਜ਼ਾਫ਼ਰਾਨੀ ਕੇ ਹਰ ਬੇਰੰਗ ਰਾ ਖ਼ੁਸ਼ ਰੰਗ ਕਰਦ।
ਦੁ ਆਲਮ ਗਸਤ ਰੰਗੀ ਅਜ਼ ਤੁਫ਼ੈਲ ਓਸਚੁ ਸਾਹਮ ਜਾਮਹ ਰੰਗੀ ਦਰ ਗੁਲ ਕਰਦ।
ਕਸੇ ਕੇ ਦਿਦ ਦਿਦਾਰੇ ਮੁਕਸਚ ਮੁਰਾਦੇ ਉਮ੍ਰ ਰਾਂ ਹਾਸਲ ਨਿਕੋ ਕਰਦ।
ਸਵਦ ਕੁਰਬਾਨ ਖਾਕੇ ਸਾਧ ਕਿਲੇ ਗੋਯਾ ਹਮੀਰਾ ਅਰਜ਼ ਕਰਦ।

ਹੋਲਗੜ੍ਹ ਰਚਿਆ ਗਿਆ ਸੀ ਤੇ ਹੋਲੇ ਤੋਂ ਅਗਲੇ ਦਿਨ ਖ਼ਾਲਸੇ ਦੇ ਦਲਾਂ ਦੇ ਦੋ ਹਿਸੇ ਕੀਤੇ ਗਏ। ਇਕ ਹਿਸਾ ਹੋਲਗੜ੍ਹ ਤੇ ਕਬਜ਼ਾ ਕਰ ਮੋਰਚੇ ਲਾ ਕੇ ਬੈਠ ਗਿਆ ਤੇ ਦੂਸਰਾ ਹਿਸਾ ਇਸ ਪਾਸਿਓਂ ਸਨੱਧਬੱਧ ਹੋ ਕੇ ਚੜ੍ਹਿਆ। ਇਸ ਦੇ ਸਿਰ ਤੇ ਗੁਰੂ ਜੀ ਆਪ ਹੋ ਲਏ। ਅਗੇ ਨੀਸ਼ਾਨ ਸਾਹਿਬ ਲਾਏ। ਫ਼ੌਜ ਦੇ ਦਸਤੇ ਵੰਡੇ ਹੋਏ ਸਨ। ਵਡੇ ਵਡੇ ਜਥੇਦਾਰਾਂ ਨੂੰ ਬੁਲਾ ਕੇ ਸਲਾਹ ਕੀਤੀ ਕਿ ਹੋਲਗੜ੍ਹ ਸਮਝੋ ਇਕ ਕਿਲ੍ਹਾ ਹੈ, ਜੋ ਵੈਰੀ ਦੇ ਹਥ ਹੈ ਤੇ ਅਸਾਂ ਆਜ ਹੱਲਾ ਕਰਕੇ ਜਾ ਪੈਣਾ ਹੈ ਤੇ ਖੋਸ ਲੈਣਾ ਹੈ। ਅਗੋਂ ਓਹ ਤਿਆਰ ਪ੍ਰ ਤਿਆਰ ਹਨ ਕਿ ਸਾਨੂੰ

ਕਬਜ਼ਾ ਨਾ ਕਰਨ ਦੇਨ। ਇਸਤਰ੍ਹਾਂ ਸਾਰੇ ਰਲ ਕੇ ਤਜਵੀਜ਼ਾਂ ਸੋਚ ਕੇ ਦਸਤਿਆਂ ਦੀ ਵੰਡ ਕੀਤੀ ਤੇ ਵੀਚਾਰ ਹੋਈ। ਫ਼ੌਜੀ ਤਰੀਕਿਆਂ ਤੇ ਦੂਰ ਅੰਦੇਸ਼ੀਆਂ ਨਾਲ ਚੜ੍ਹਾਈ ਹੋ ਗਈ। ਗੋਲੀਆਂ ਤੀਰਾਂ ਨਾਲ ਮਾਰ ਦੇਨ ਦਾ ਹੁਕਮ ਬੰਦ ਸੀ, ਕਿਉਂਕਿ ਦੁਵੱਲੀ ਖ਼ਾਲਸਾ ਸੀ। ਏਹ ਤਾਂ ਖ਼ਾਲਸੇ ਨੇ ਆਪੋ ਵਿਚ ਇਕ ਮਸ਼ਕ ਕਰਨੀ ਸੀ ਤੇ ਗੁਰਾਂ ਨੇ ਜਾਚ ਸਿਖਾਨੀ ਸੀ। ਸੋ ਗੁਰੂ ਜੀ ਅਪਨੇ ਦਲਾਂ ਦੇ ਬੰਨ ਤ੍ਰੀਕੇ ਨਾਲ ਅਗੇ ਵਧੇ ਤੇ ਸਾਰੇ ਦਲ ਨੂੰ ਲੈ ਕੇ ਨੀਸਾਨਾਂ ਦੀ ਤਾਬਿਆਂ ਹੋਲਗੜ੍ਹ ਤੇ ਜਾ ਪਏ। ਅਗਲੀ ਸੈਨਾ ਨੇ ਖ਼ੂਬ ਰੋਕਿਆ। ਰੋਕ ਕੀਤੀ । ਡੂਢ ਪਹਿਰ ਦੁਵਲੀ ਘਮਸਾਨ ਪਿਆ ਰਿਹਾ। ਰੋਕਨ ਵਾਲੇ ਦਲ ਦੇ ਸੁਫ਼ੈਦ ਕਪੜੇ ਸਨ। ਸਤਿਗੁਰਾਂ ਦੇ ਦਲ ਦੇ ਹਲਕੇ ਹਲਕੇ ਕੇਸਰ ਰੰਗੇ ਪੁਸ਼ਾਕੇ ਸਨ। ਐਉਂ ਆਪੋ ਵਿਚ ਫ਼ਰਕ ਹੁੰਦਾ ਸੀ। ਡੇਢ ਪਹਿਰ ਦੇ ਹਲੇ ਤੇ ਹਲਾ ਦੁਵਲੀ ਜਦੋਜਹਿਦ ਮਗਰੋਂ ਹੋਲਗੜ੍ਹ ਵਾਲੇ ਹਾਰ ਗਏ ਤੇ ਸਤਿਗੁਰੂ ਜੀ ਜੈਕਾਰੇ ਗਜਾਂਦੇ ਅੰਦਰ ਜਾ ਵੜੇ। ਧਾਵਾ ਕਾਮਯਾਬ ਹੋ ਗਯਾ ਤੇ ਫੇਰ ਸਾਰੀ ਫ਼ੌਜ ਇਕਮਿਕ ਹੋ ਗਈ। ਫੇਰ ਉਸੇ ਥਾਂਵਾਂ ਤੇ ਦੀਵਾਨ ਸਜਿਆ। ਡਾਢੀ ਖ਼ੁਸ਼ੀ ਹੋਈ। ਹੁਣ ਅਤ੍ਰ ਅੰਬ੍ਰ, ਕੇਸਰ, ਗੁਲਾਲ ਉਡੇ। ਸਚੇ ਪਾਤਸ਼ਾਹ ਕੇਸ੍ਰੀ ਰੰਗ ਦੀਆਂ ਪਿਚਕਾਰੀਆਂ ਚਲਾਂਦੇ ਰਹੇ। ਗੁਲਾਲ ਅਪਨੀ ਹਥੀਂ ਉਡਾਯਾ। ਕੜਾਹ ਪ੍ਰਸਾਦਿ ਅਜ ਵਰਤਾਯਾ ਨਹੀਂ । ਪੰਜ ਹਜ਼ਾਰ ਦਾ ਪ੍ਰਸਾਦਿ ਬਾਹਰ ਮੈਦਾਨ ਵਿਚ ਚਿਟੇ ਚਾਦਰਾਂ ਤੇ ਪਿਆ ਸੀ। ਹੁਕਮ ਹੋਯਾ ਲੁਟ ਲੋ। ਖ਼ਾਲਸੇ ਨੇ ਹਲਾ ਬੋਲ ਕੇ ਜਾ ਘੇਰਾ ਪਾਇਆ ਤੇ ਖ਼ੂਬ ਗਹਿਰੇ ਗਫ਼ੇ ਲਾਏ। ਹੋਲੇ ਮਹਿਲੇ ਦੇ ਬਿਆਨ ਵਿਚ ਗੁਰੂ ਜੀ ਦਾ ਕੌਤਕ ਤੇ ਮਨਮੋਹਕ ਅਸ੍ਰ ਬਿਆਨ ਕਰਦੇ ਹਨ: -

ਗੁਲਾਲ ਅਫ਼ਸਾਨੀਏ ਅਜ਼ ਦਸਤੇ ਮੁਬਾਰਕ। ਜ਼ਮੀਨੋ ਅਸਮਾਂ ਰਾਂ ਸੁਰਖ਼ਰੂ ਕਰਦ।
ਦੁ ਆਲਮ ਗਸ਼ਤ ਰੰਗੀ ਅਜ਼ ਤੁਫ਼ੈਲਸ। ਚੁ ਸਹਾਮ ਜਾਮਾਏ ਰੰਗੀਦਰ ਗੁਲ ਕਰਦ।
ਕਸੇ ਕੋ ਦਿਦ ਦਿਦਾਰੇ ਮਕਸਦ। ਮੁਰਾਦੇ ਉਮਰ ਰਾਂ ਹਾਸਲ ਨਿਕੋ ਕਰਦ।
ਸਵਦ ਕੁਰਬਾਨ ਖਾਕੇ ਰਾਹੇ ਸੰਗਤ। ਦਿਲੇ ਗੋਯਾ ਹਮੀਰਾ ਆਰਜ਼ੂ ਕਰਦ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਬਾਰਕ ਹਸਤ ਕਮਲਾਂ ਤੋਂ ਗੁਲਾਲ ਦੇ ਛਿੜਕਾਉ ਨੇ ਜ਼ਮੀਨ ਆਸਮਾਨ ਨੂੰ ਲਾਲ ਗੁਲਾਲ ਕਰ ਦਿਤਾ। ਜਦ ਮੇਰੇ ਸਚੇ ਪਾਤਸ਼ਾਹ ਨੇ ਰੰਗ ਛਿੜਕੇ ਕਪੜੇ ਪਹਿਨੇ, ਤਾਂ ਉਸਦੀ ਤੁਫ਼ੈਲ ਦੋ ਜਹਾਨ ਨੂੰ ਰੰਗ ਚੜ੍ਹ ਗਿਆ। ਇਸ ਪਵਿਤ੍ਰ ਦੀਦਾਰ ਨੂੰ ਜਿਸ ਨੇ ਡਿਠਾ, ਉਸਨੇ ਉਮਰਾਂ ਦੀ ਮੁਰਾਦ ਪਾ ਲਈ। ਮੇਰਾ ਦਿਲ ਤਰਸਦਾ ਹੈ ਕਿ ਐਸੇ ਸਤਸੰਗੀਆਂ ਦੇ ਰਸਤੇ ਦੀ ਧੂੜੀ ਤੋਂ ਸਦਕੇ ਹੋ ਜਾਂਵਾਂ। ਸੋ ਸਾਧ ਸੰਗਤ ਜੀਓ, ਸ਼ੰਕਾਵਾਦੀ ਸਜਨਾਂ ਨੂੰ ਧਿਆਨ ਨਾਲ ਏਹ ਭਾਈ ਵੀਰ ਸਿੰਘ ਜੀ ਦੀ ਰਚਨਾ ਕਲਗੀਧਰ ਚਮਤਕਾਰ ਤੋਂ ਪੜ੍ਹ ਕੇ ਦੇਖਨ ਕਿ ਕਿਸਤਰ੍ਹਾਂ ਭਾਈ ਨੰਦਲਾਲ ਜੀ ਅਪਨੇ ਅਖੀਂ ਡਿਠੇ ਨਜ਼ਾਰੇ ਗੁਲਾਲ ਅਪਨੇ ਹਥੀਂ ਦਸ਼ਮੇਸ਼ ਪਿਤਾ ਜੀ ਉਡਾਉਂਦੇ ਨੂੰ ਦੇਖੇ ਦੋ ਗਜ਼ਲਾਂ ਉਚਾਰਨ ਕੀਤੀਆਂ, ਜੇੜ੍ਹੀਆਂ ਕਿ ਪਿਛੇ ਲਿਖ ਆਏ ਹਾਂ।

ਸੋ ਸ਼ੰਕਾਵਾਦੀ ਸਜਨੋ, ਸ੍ਰੀ ਮੁਖਵਾਕ ਪਾ: ੧੦ ਵੀ ਅਪਨੀ ਬਾਣੀ ਵਿਚ ਕ੍ਰਿਸ਼ਨਾ ਔਤਾਰ ਵਿਚ ਬਾਰਾਂ-ਮਾਹ ਸਵੈਯੇ ਵਿਚ ਇਸਤਰ੍ਹਾਂ ਗੁਲਾਲ ਬਾਰੇ ਵਰਨਨ ਕੀਤਾ ਹੈ: -

ਫਾਗਨ ਮੈ ਸਖੀ ਡਾਰ ਗੁਲਾਲ ਸਭੈ ਹਰਿ ਸਿਉ ਬਨ ਬੀਚ ਰਮੈ ॥ [੪]

ਤਾਂ ਗੁਰੂ ਸਾਹਿਬ ਜੀ ਵਰਨਨ ਕਰਦੇ ਹਨ ਕਿ ਫਾਗਣਿ ਮੇ ਸਖੀ ਡਾਰ ਗੁਲਾਲ। ਅਗ੍ਰ ਗੁਲਾਲ ਗੁਰਮਤ ਦੇ ਵਿਰੁਧ ਹੁੰਦਾ, ਤਾਂ ਮਹਾਰਾਜ ਖੰਡਨ ਕਰਦੇ । ਇਸਤ੍ਰਾਂ ਗੁਲਾਲ ਦੀ ਕਈ ਜਗ੍ਹਾ ਦਸਮ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਮਾਨ ਆਉਂਦੇ ਹਨ, ਜਿਸਤਰ੍ਹਾਂ ਕਿ ਏਕ ਜਗ੍ਹਾ ਸਵੈਯਾ ਆਉਂਦਾ ਹੈ : -

ਮੁਠ ਗੁਲਾਲ ਕੀ ਸਾਂਗ ਪ੍ਰਹਾਰੀ ।

ਤਾਂ ਗੁਰੂ ਸਾਹਿਬ ਜੀ ਪ੍ਰਮਾਨ ਵਿਚ ਗੁਲਾਲ ਦਾ ਵਰਨਨ ਕਈ ਜਗ੍ਹਾ ਕੀਤਾ ਹੈ, ਖੰਡਨ ਕਿਧਰੇ ਨਹੀਂ ਦੇਖਨ ਸੁਣਿਨ ਵਿਚ ਆਯਾ। ਅਗਰ ਕਿਧਰ ਖੰਡਨ ਦੇ ਪ੍ਰਮਾਨ ਤੁਕਾਂ ਆਦਿ ਦਸਮ ਬਾਣੀ ਵਿਚ ਵ ਨੰਨਲਾਲ ਜੀ ਦੇ ਬਾਣੀ ਵਿਚ ਹੈਨ, ਤਾਂ ਸ਼ੰਕਾਵਾਦੀ ਸਜਨ ਦਸਨ ਦੀ ਕ੍ਰਿਪਾਲਤਾ ਕਰਨ । ਉਨ੍ਹਾਂ ਦੇ ਅਤੀ ਧਨਵਾਦੀ ਹੋਵਾਂਗੇ ।

[੪] ਕ੍ਰਿਸ਼ਨਾਵਤਾਰ, ਪੰਨਾ ੩੬੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ।